# ਰੰਗਮੰਚ ਦਾ ਸੂਹਾ ਸੂਰਜ—ਗੁਰਸ਼ਰਨ ਸਿੰਘ

### *ਹਰਦੀਪ ਗਿੱਲ*

ਸ. ਗੁਰਸ਼ਰਨ ਸਿੰਘ ਪੰਜਾਬੀ ਰੰਗਮੰਚ ਦਾ ਉਹ ਸੂਹਾ ਸੂਰਜ ਹੈ, ਜਿਸਨੇ ਆਪਣੀਆਂ ਕਿਰਨਾਂ ਨਾਲ ਪੰਜਾਬ ਦੀ ਧਰਤੀ ਦੇ ਚੱਪੇ-ਚੱਪੇ 'ਤੇ ਨਾਟ-ਕਲਾ ਦੀ ਸੁਨਿਹਰੀ ਧੁੱਪ ਖਿੜਾਈ ਹੈ। ਉਹ ਪੰਜਾਬੀ ਨਾਟਕ ਦੀ ਰੂਹ ਹੈ, ਪੰਜਾਬੀ ਰੂਹ ਦਾ ਸਿਰਨਾਵਾਂ ਹੈ। ਪੰਜ ਦਹਾਕੇ ਪਹਿਲਾਂ ਸ਼ੁਰੂ ਹੋਇਆ ਉਸਦਾ ਨਾਟ-ਸਫ਼ਰ ਅੱਜ ਵੀ ਨਿਰੰਤਰ ਜਾਰੀ ਹੈ। ਉਮਰ ਦੇ ਇਸ ਪੜਾਅ 'ਤੇ ਆ ਕੇ ਵੀ ਇਸ ਸੂਰਜ ਦਾ ਜਲੌਅ ਕਾਇਮ-ਦਾਇਮ ਹੈ। ਉਹ ਕਿਹੜਾ ਪਿੰਡ ਕਿਹੜਾ ਸ਼ਹਿਰ ਕਿਹੜਾ ਕਸਬਾ ਜਾਂ ਗਰਾਂ ਹੈ ? ਜਿਥੋਂ ਦੀਆਂ ਲੰਮੇਰੀਆਂ ਵਾਟਾਂ ਇਸ ਰੰਗਮੰਚ ਦੇ ਰਾਹੀ ਨੇ ਤੈਅ ਨਹੀਂ ਕੀਤੀਆਂ। ਹਿੰਦੁਸਤਾਨ ਦੀ ਹਰ ਹਨੇਰੀ ਨੁੱਕਰ ਤੱਕ ਉਸਦਾ ਨਾਟਕ ਸੱਚ ਦੀ ਲੋਅ ਲੈ ਕੇ ਪਹੁੰਚਿਆ ਹੈ। ਜ਼ਰਾ ਕਿਆਸ ਕਰੋ ਕਿ ਕਿੰਨੇ ਦਿਨ, ਕਿੰਨੀਆਂ ਰਾਤਾਂ, ਕਿੰਨੇ ਪਹਿਰ, ਕਿੰਨੇ ਪਲ, ਕਿੰਨੇ ਛਿਣ ਗੁਰਸ਼ਰਨ ਸਿੰਘ ਨੇ ਰੰਗਮੰਚ ਲੇਖੇ ਲਾਏ। ਉਸਦੇ ਪੈਰਾਂ ਨੂੰ ਸਫ਼ਰਾਂ ਦੀ ਗੁੜ੍ਹਤੀ ਹੈ ਤੇ ਇਨ੍ਹਾਂ ਮੁਕੱਸਦ ਪੈਰਾਂ ਨੇ ਮੀਲਾਂ-ਮੀਲ ਪੈਂਡਾ ਤੈਅ ਕੀਤਾ ਹੈ। ਗੁਰਸ਼ਰਨ ਸਿੰਘ ਇਕ ਵਿਅਕਤੀ ਨਾ ਹੋ ਕੇ ਇਕ ਸੰਸਥਾ ਹੈ। ਪੰਜਾਬੀ ਰੰਗਮੰਚ ਦੀ ਸੁੱਖਾ-ਲੱਦੀ ਲਹਿਰ ਹੈ, ਦਿਸ਼ਾ ਹੈ, ਇਕ ਜਜ਼ਬਾ ਹੈ, ਜੋਸ਼ ਹੈ। ਹਰ ਬੇਇਨਾਸਫੀ ਦੇ ਖਿਲਾਫ਼ ਉੱਠੀ ਆਵਾਜ਼ ਦਾ ਨਾਂ ਹੈ-ਗੁਰਸ਼ਰਨ ਸਿੰਘ। ਸੰਘਰਸ਼ ਦੇ ਸ਼ਾਜ਼ 'ਤੇ ਗਾਇਆ ਜਾਣ ਵਾਲਾ ਕ੍ਰਾਂਤੀ ਦਾ ਰਾਗ ਗੁਰਸ਼ਰਨ ਸਿੰਘ। ਉਹ ਐਸਾ ਪਾਂਧੀ ਹੈ, ਜਿਸਨੇ ਬਣਾਏ ਰਾਹਾਂ ਨੂੰ ਨਹੀਂ ਚੁਣਿਆ, ਉਹ ਜਿੱਧਰ ਵੀ ਤੁਰਿਆ ਰਾਹ ਆਪੇ ਬਣਦੇ ਗਏ, ਕਾਫ਼ਲੇ ਜੁੜਦੇ ਗਏ। ਸਵਰਗੀ ਹਰਭਜਨ ਜੱਬਲ, ਬੁੱਧ ਸਿੰਘ, ਵੇਦ ਸ਼ਰਮਾ, ਸੁਰੇਸ਼ ਪੰਡਿਤ, ਸਰਦਾਰਜੀਤ ਬਾਵਾ, ਸੁਖਬੀਰ, ਕੇਵਲ ਧਾਲੀਵਾਲ, ਸੁਖਦੇਵ ਪ੍ਰੀਤ, ਨਰਿੰਦਰ ਸਾਂਘੀ, ਹਰਦੀਪ ਗਿੱਲ, ਆਈ. ਐੱਸ. ਸਹਾਰਨ, ਬਲਵਿੰਦਰ ਭਾਰਤੀ, ਜਤਿੰਦਰ ਕੌਰ, ਦਲਜੀਤ ਕੌਰ, ਜਤਿੰਦਰ ਬਰਾੜ ਹੁਰਾਂ ਤੋ ਸ਼ੁਰੂ ਹੋ ਕੇ ਅੱਜ ਸੈਂਕੜੇ ਨਹੀਂ ਉਸਦੇ ਹਜ਼ਾਰਾਂ ਸ਼ਾਗਿਰਦ ਰੰਗਮੰਚ ਦੇ ਰਾਹ 'ਤੇ ਤੁਰਦੇ ਹੋਏ ਨਵੀਆਂ ਪ੍ਰਾਪਤੀਆਂ ਅਤੇ ਨਵੇਂ ਦਿਸਹੱਦੇ ਛੂਹਣ ਦੇ ਲਈ ਕਾਰਜ਼ਸ਼ੀਲ ਹਨ।

ਜਿੰਨਾ ਸਮਿਆਂ ਵਿਚ ਗੁਰਸ਼ਰਨ ਸਿੰਘ ਨੇ ਅੰਮ੍ਰਿਤਸਰ ਨਾਟਕ-ਕਲਾ ਕੇਂਦਰ ਸਥਾਪਿਤ ਕਰਕੇ ਆਪਣੀਆਂ ਨਾਟ-ਯਾਤਰਾਵਾਂ ਆਰੰਭੀਆਂ, ਉਹਨੀਂ ਦਿਨੀਂ ਨਾਟਕਾਂ 'ਚ ਕੁੜੀਆਂ ਦੇ ਪਾਰਟ ਵੀ ਮੁੰਡੇ ਅਦਾ ਕਰਿਆ ਕਰਦੇ ਸੀ। ਗੁਰਸ਼ਰਨ ਸਿੰਘ ਨੇ ਆਪਣੀ

ਹਮਸਫ਼ਰ ਸ੍ਰੀਮਤੀ ਕੈਲਾਸ਼ ਕੌਰ ਤੇ ਦੋਹਾਂ ਧੀਆਂ ਨੂੰ ਅਦਾਕਾਰੀ ਦੇ ਖੇਤਰ 'ਚ ਲਿਆ ਕੇ ਇਕ ਵੱਡੀ, ਵੱਖਰੀ ਤੇ ਸਚਾਰੂ ਪਹਿਲਕਦਮੀ ਕੀਤੀ। ਬਤੌਰ ਨਾਟਕਕਾਰ ਗੁਰਸ਼ਰਨ ਸਿੰਘ ਦੀ ਦੇਣ ਕਿਸੇ ਪਾਸਿਓਂ ਘੱਟ ਨਹੀਂ ਬਲਕਿ ਪਹਿਲੇ ਨੰਬਰ 'ਤੇ ਹੈ। ਉਸਨੇ ਸੈਂਕੜੇ ਨਾਟਕ ਰਚ ਕੇ ਤੇ ਖੇਡ ਕੇ ਇਕ ਨਵਾਂ ਇਤਿਹਾਸ ਸਿਰਜਿਆ। ਉਸਦੀ ਕਲਮ ਨੂੰ ਬੇਬਾਕੀ ਦੀ ਗੁੜ੍ਹਤੀ ਹੈ। ਆਪਣੇ ਅਦਾਕਾਰ ਮਿੱਤਰ ਬਲਰਾਜ ਸਾਹਨੀ ਦੀ ਯਾਦ ਨੂੰ ਸਮਰਪਿਤ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਸਥਾਪਿਤ ਕਰਕੇ ਉਸਨੇ ਜਿੱਥੇ ਨਵੀਆਂ ਤੇ ਸਥਾਪਿਤ ਕਲਮਾਂ ਨੂੰ ਇਕ ਵੱਡੇ ਪਾਠਕ ਵਰਗ ਦੇ ਰੂ-ਬ-ਰੂ ਕਰਕੇ ਸਲਾਹੁਣਯੋਗ ਕੰਮ ਕੀਤਾ ਹੈ, ਉਥੇ ਪੰਜਾਬੀ ਸਾਹਿਤ ਦੇ ਖੇਤਰ 'ਚ ਕੀਤੀ ਉਸਦੀ ਇਹ ਲਾ-ਜਵਾਬ ਸੇਵਾ ਇਤਿਹਾਸਕ ਹੈ। ਉਸਨੇ ਆਪਣੀਆਂ ਰਚਨਾਵਾਂ ਰਾਹੀਂ ਆਵਾਮ ਦੇ ਦੁੱਖ ਦੀ ਗੱਲ ਕਰਦਿਆਂ ਲੋਕਾਂ ਦੇ ਫ਼ਿਕਰ ਦੀ ਬਾਂਹ ਫੜੀ ਹੈ। ਸਮਾਜ ਵਿਚ ਔਰਤ ਨੂੰ ਬਰਾਬਰੀ ਦਾ ਹੱਕ ਦਿਵਾਉਣ ਹਿੱਤ ਉਸਦੇ ਉਪਰਾਲਿਆਂ ਦਾ ਹੀ ਇਹ ਪ੍ਰਤੱਖ ਪ੍ਰਮਾਣ ਹੈ ਕਿ ਅੱਜ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਰਟੀਫਿਕੇਟਾਂ 'ਤੇ ਉਮੀਦਵਾਰ ਦੇ ਬਾਪ ਦੇ ਨਾਂ ਦੇ ਬਰਾਬਰ ਉਸਦੀ ਮਾਂ ਦਾ ਨਾਂ ਲਿਖਿਆ ਜਾਂਦਾ ਹੈ। ਸਮਾਜਿਕ ਚੇਤਨਤਾ ਦੀ ਚਿੰਗਿਆੜੀ ਨੂੰ ਮਘਾਉਣ ਹਿੱਤ ਸਮੇਂ-ਸਮੇਂ ਗੁਰਸ਼ਰਨ ਸਿੰਘ ਵੱਡੇ-ਵੱਡੇ ਰੰਗਮੰਚ ਉਤਸਵ ਤੇ ਨਾਟ ਮੇਲੇ ਜਿਥੇ ਆਪ ਆਯੋਜਿਤ ਕੀਤੇ, ਉਥੇ ਕਰਵਾਏ ਅਤੇ ਕਈਆਂ ਲਈ ਆਪਣਾ ਭਰਵਾਂ ਸਹਿਯੋਗ ਦਿੱਤਾ, ਜੋ ਅੱਜ ਲੋਕ-ਮੇਲਿਆਂ ਦਾ ਰੂਪ ਅਖ਼ਤਿਆਰ ਕਰ ਚੁੱਕੇ ਹਨ।

ਖ਼ੂਬਸੂਰਤ ਪ੍ਰਸੋਜ਼ ਤੇ ਪ੍ਰਸਿੱਧ ਆਵਾਜ਼ਾਂ ਤੋਂ ਇਨਕਲਾਬੀ ਗੀਤ ਰਿਕਾਰਡ ਕਰਵਾ ਕੇ ਉਸਨੇ ਲੋਕਾਈ ਦੇ ਹਨੇਰੇ ਮੱਥਿਆਂ ਦੀਆਂ ਮੰਮਟੀਆਂ 'ਤੇ ਸੂਹੀ ਲਾਟ ਧਰ ਕੇ ਚਾਨਣ ਦਾ ਛੱਟਾ ਦਿੱਤਾ ਹੈ। ਉਸਨੇ ਪਿੰਡ-ਪਿੰਡ ਪਹੁੰਚ ਕੇ ਹੋਕਾ ਦਿੱਤਾ 'ਮਸ਼ਾਲਾ ਬਾਲ ਕੇ ਚਲਣਾ ਜਦੋਂ ਤੱਕ ਰਾਤ ਬਾਕੀ ਹੈ'। ਇਕ ਅਮੀਰ ਘਰਾਣੇ 'ਚ ਪੈਦਾ ਹੋਏ ਬੇਹੱਦ ਉਚੇਰੀ ਸਿੱਖਿਆ ਪ੍ਰਾਪਤ ਇਸ ਮਹਾਨ ਮਨੁੱਖ ਨੇ ਇਕ ਵੱਡੀ ਸਰਕਾਰੀ ਨੌਕਰੀ ਤੋਂ ਲਾਂਭੇ ਹੋ ਕੇ ਨਾਟ-ਕਲਾ ਰਾਹੀਂ ਮਨੁੱਖਤਾ ਦੀ ਸੇਵਾ ਦਾ ਮਾਰਗ ਚੁਣ ਕੇ ਇਕ ਅਸਲੋਂ ਵੱਡੀ, ਵਿਲੱਖਣ ਤੇ ਮਹਾਨ ਮਿਸਾਲ ਪੈਦਾ ਕੀਤੀ ਹੈ। ਜਦ ਪੰਜਾਬ 'ਚ ਤੱਤੀਆਂ ਹਵਾਵਾਂ ਦਾ ਬੋਲਬਾਲਾ ਸੀ, ਇਸਦੀਆਂ ਸੱਥਾਂ ਤੱਕ ਸਹਿਮ ਪਸਰ ਗਿਆ ਸੀ, ਇਸਦੇ ਖੇਤ ਉਜੜ ਗਏ ਸਨ, ਉਦੋਂ ਵੀ ਫ਼ਿਰਕੂ ਵਹਿਸ਼ਤ ਤੇ ਦਹਿਸ਼ਤ ਨਾਲ ਦਸਤਪੰਜਾ ਲੈਂਦਾ ਇਹ ਬਾਬਾ ਬਰਨਾਲੇ ਬੈਠਾ ਬੰਦੂਕਾਂ ਦੀ ਛਾਂ ਹੇਠ, ਨਾਟਕ ਮੌਤ-ਦਰ-ਮੌਤ ਦੀਆਂ ਰਿਹਰਸਲਾਂ 'ਚ ਮਸਰੂਫ਼ ਹੁੰਦਾ ਸੀ। ਬਾਬੇ ਨਾਨਕ ਦੇ ਕਥਨ 'ਸੱਚ ਸਣਾਇਸੀ ਸੱਚ ਕੀ ਬੇਲਾ' ਅਨੁਸਾਰ ਇਸ ਰੰਗਕਰਮੀ ਬਾਬੇ ਨੇ ਸ਼ਹਿਰ-ਸ਼ਹਿਰ, ਪਿੰਡ-ਪਿੰਡ ਪਹੁੰਚ ਕੇ ਆਪਣੇ ਨਾਟਕਾਂ ਰਾਹੀਂ ਆਪਸੀ ਸਦਭਾਵਨਾ ਅਤੇ ਅਮਨ ਭਾਈਚਾਰੇ ਦਾ ਸੰਦੇਸ਼ ਦਿੱਤਾ ਪੰਜਾਬੀ ਸਾਹਿਤ ਅਕਾਦਮੀ ਦਾ ਪੁਰਸਕਾਰ, ਕਾਲੀਦਾਸ ਐਵਾਰਡ ਕਿਹੜੇ-ਕਿਹੜੇ ਪੁਰਸਕਾਰ ਦੀ ਗੱਲ ਕੀਤੀ ਜਾਏ, ਹੁਣ ਤਾਈਂ ਕਈ ਸੈਂਕੜੇ ਸੰਸਥਾਵਾਂ, ਸਾਹਿਤ ਸਭਾਵਾਂ, ਵਿੱਦਿਅਕ

ਅਦਾਰੇ, ਨਗਰ ਪੰਚਾਇਤਾਂ, ਖੇਡ ਕਲੱਬ, ਨਾਟ-ਸੰਸਥਾਵਾਂ ਤੇ ਸਮਾਜਿਕ ਸੰਗਠਨ ਗੁਰਸ਼ਰਨ ਸਿੰਘ ਨੂੰ ਸਨਮਾਨ ਦੇ ਕੇ ਉਸਦੀ ਕਲਾ-ਘਾਲਣਾ ਨੂੰ ਸਿੱਜਦਾ ਕਰ ਚੁੱਕੇ ਹਨ। ਕੁਝ ਸਾਲ ਪਹਿਲਾਂ ਪੰਜਾਬੀਆਂ ਨੇ ਵੱਡੀ ਗਿਣਤੀਆਂ 'ਚ ਇਕੱਤਰ ਹੋ ਇਕ ਵੱਡੇ ਇਕੱਠ 'ਚ ਉਸਨੂੰ ਲੋਕ-ਨਾਇਕ ਦਾ ਵਿਕਲੋਤਰਾ ਪੁਰਸਕਾਰ ਪ੍ਰਦਾਨ ਕੀਤਾ, ਜਿਸਦੀ ਕਿਤੇ ਕੋਈ ਮਿਸਾਲ ਨਹੀਂ। ਪਾਕਿਸਤਾਨ, ਕੈਨੇਡਾ, ਅਮਰੀਕਾ, ਇੰਗਲੈਂਡ ਜਿੱਥੇ-ਜਿੱਥੇ ਵੀ ਪੰਜਾਬੀ ਵੱਸਦੇ ਨੇ, ਉੱਥੋਂ ਤੱਕ ਗੁਰਸ਼ਰਨ ਸਿੰਘ ਦੀਆਂ ਨਾਟ-ਯਾਤਰਾਵਾਂ ਫੈਲੀਆਂ ਹੋਈਆਂ ਹਨ।

ਕਲਾ ਨੂੰ ਮਹਿਜ ਮਨੋਰੰਜਨ ਨਾਲ ਸੀਮਿਤ ਨਾ ਕਰਦੇ ਹੋਏ ਗੁਰਸ਼ਰਨ ਸਿੰਧ ਨੇ ਇਸ ਰਾਹੀਂ ਹਮੇਸ਼ਾ ਨਵੇਂ-ਨਿਵੇਕਲੇ ਤਜ਼ਰਬੇ ਕਰਦਿਆਂ, ਸਮਾਜ ਦਾ ਮੂੰਹ-ਮੱਥਾ ਸੰਵਾਰਨ ਲਈ ਸਾਰਥਿਕ ਕੋਸ਼ਿਸ਼ਾਂ ਕੀਤੀਆਂ ਹਨ। ਅੱਜ ਅੰਮ੍ਰਿਤਸਰ ਰੰਗਮੰਚ ਦੀ ਰਾਜਧਾਨੀ ਹੈ ਤੇ ਇਸਦੀ ਸੰਗੇ-ਬੁਨਿਆਦ ਦਾ ਸਿਹਰਾ ਵੀ ਨਿਰਸੰਦੇਹ ਗੁਰਸ਼ਰਨ ਸਿੰਘ ਦੇ ਸਿਰ ਬੱਝਦਾ ਹੈ। ਇਸਦੀ ਹਰ ਇੱਟ ਇਸ ਨਾਇਕ ਦੀ ਕਹਾਣੀ ਕਹਿੰਦੀ ਹੈ। ਗਾਂਧੀ ਗਰਾਂਊਂਡ ਦੇ ਓਪਨ-ਏਅਰ ਥੀਏਟਰ 'ਚ ਮੰਚਿਤ ਹੋਈਆਂ ਅੰਮ੍ਰਿਤਸਰ ਨਾਟਕ-ਕਲਾ ਕੇਂਦਰ ਦੀਆਂ ਮਾਰਮਿਕ ਪੇਸ਼ਕਾਰੀਆਂ ਦੀ ਮਹਿਕ ਅੱਜ ਵੀ ਇਸ ਨਗਰੀ ਦੇ ਨਾਟ-ਪ੍ਰੇਮੀਆਂ ਦੇ ਚੇਤਿਆਂ 'ਚ ਜ਼ਿੰਦਾ ਹੈ। ਅੰਮ੍ਰਿਤਸਰ ਇਸ ਵੇਲੇ ਸਿਰਿਉਂ ਰੰਗਮੰਚ, ਸਾਹਿਤ ਤੇ ਸੱਭਿਆਚਾਰ ਦੀਆਂ ਸਰਗਰਮੀਆਂ ਦਾ ਮਰਕਜ਼ ਬਣ ਕੇ ਉਭਰਿਆ ਹੈ। ਅੰਮ੍ਰਿਤਸਰ ਦੀਆਂ ਕਲਾਤਮਿਕ ਸਰਗਰਮੀਆਂ ਪਿੱਛੇ ਕਿਤੇ ਨਾ ਕਿਤੇ ਕਿਸੇ ਨਾ ਕਿਸੇ ਰੂਪ ਵਿਚ ਅੱਜ ਵੀ ਗੁਰਸ਼ਰਨ ਸਿੰਘ ਦੀ ਕਲਾਤਮਿਕ ਗੁੜ੍ਹਤੀ ਦੇ ਰੰਗ ਬਿਖ਼ਰੇ ਹੋਏ ਹਨ। ਕਦੇ ਮੁਬੰਈ ਵਿਖੇ ਸ. ਗੁਰਸ਼ਰਨ ਸਿੰਘ ਨੂੰ ਨਾਟਕ ਕਰਦਿਆਂ ਵੇਖ ਅਭਿਨੈ ਦੇ ਸਮਰਾਟ ਦਿਲੀਪ ਕੁਮਾਰ ਨੇ ਕਿਹਾ ਕਿ "ਹਮਾਰਾ ਸਰ ਸਰਦਾਰ ਜੀ ਕੇ ਆਗੇ ਝੁਕਤਾ ਹੈ" ਤੇ ਅੱਜ ਇਸ ਬਾਬੇ ਦੀ ਕਲਾ, ਘਾਲਣਾ, ਸਾਧਨਾ,ਸੇਵਾ ਦੇ ਲੰਮੇ ਸੰਘਰਸ਼ ਅੱਗੇ ਹਰ ਪੰਜਾਬੀ ਨਤਮਸਤਕ ਹੈ। ਸਾਨੂੰ ਇਹ ਮਾਣ ਹੈ ਤੇ ਹਮੇਸ਼ਾ ਰਹੇਗਾ ਕਿ ਸ. ਗੁਰਸ਼ਰਨ ਸਿੰਘ ਦੇ ਵੇਲਿਆਂ 'ਚ ਪੈਦਾ ਹੋਏ ਤੇ ਉਸਦੀ ਕੋਸੀ ਧੁੱਪ 'ਚ ਤੁਰਦਿਆਂ ਪ੍ਰਵਾਨ ਚੜ੍ਹੇ। ਬਕੌਲ ਸਰਦਾਰ ਪੰਛੀ :

"ਬਾਹਿਰ ਸੇ ਬਾਦਲ ਕਾ ਉਠਨਾ, ਪਰਬਤੋਂ ਪਰ ਖੇਲਨਾ
ਜਬ ਤਲਕ ਯਹ ਖੇਲ ਹੈ, ਕੋਈ ਨਦੀ ਮਰਤੀ ਨਹੀਂ।
ਜਿਸਮੇ ਕੋਈ ਅਹਿਲੇ ਫ਼ਨ, ਅਹਿਲੇ ਕਲਮ ਪੈਦਾ ਹੂਆ
ਸਾਰੀ ਸਦੀਆਂ ਮਰ ਬੀ ਜਾਏਂ, ਵੋ ਸਦੀ ਮਰਤੀ ਨਹੀਂ।"